www.BibleForChildren.org

# ਮੱਤੀ 26



ਪਸਾਹ ਦੇ ਤਿਉਹਾਰ
ਤੋਂ ਛੇ ਦਿਨ ਪਹਿਲਾਂ ਯਿਸੂ
ਬੈਤਅਨੀਆ ਨੂੰ ਗਏ ਜਿੱਥੇ
ਲਾਜ਼ਰ ਰਹਿੰਦਾ ਸੀ ਜਿਸ ਨੂੰ ਯਿਸੂ
ਨੇ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ ਸੀ ।
ਉਸ ਸਮੇਂ ਮਰਿਯਮ ਨੇ ਕੋਈ ਅੱਧਾ ਕਿਲੋ ਸ਼ੁੱਧ
ਜਟਾਮਾਸੀ ਦਾ ਅਤਰ ਲਿਆ ਜਿਹੜਾ
ਬਹੁਤ ਕੀਮਤੀ ਸੀ ਅਤੇ ਯਿਸੂ ਦੇ
ਚਰਨਾਂ ਉੱਤੇ ਡੋਲ੍ਹ ਦਿੱਤਾ । ਫਿਰ
ਆਪਣੇ ਵਾਲਾਂ ਨਾਲ ਉਹਨਾਂ ਦੇ ਚਰਨ ਸਾਫ਼ ਕੀਤੇ ।
ਉਸ ਅਤਰ ਦੀ ਸੁਗੰਧ ਨਾਲ ਸਾਰਾ ਘਰ ਭਰ ਗਿਆ ।




ਫਿਰ ਬਾਰ੍ਹਾਂ ਚੇਲਿਆਂ ਵਿੱਚੋਂ ਇੱਕ ਜਿਸ ਦਾ ਨਾਂ ਯਹੂਦਾ ਇਸਕਰਿਯੋਤੀ ਸੀ, ਮਹਾਂ-ਪੁਰੋਹਿਤਾਂ ਕੋਲ ਗਿਆ ਕਿ ਉਹ ਯਿਸੂ ਨੂੰ ਉਹਨਾਂ ਦੇ ਹੱਥ ਫੜਵਾ ਦੇਵੇ। ਉਹ ਉਸ ਦੀ ਗੱਲ ਸੁਣ ਕੇ ਬਹੁਤ ਖ਼ੁਸ਼ ਹੋਏ ਅਤੇ ਉਸ ਨੂੰ ਵਚਨ
ਦਿੱਤਾ ਕਿ ਉਹ ਉਸ ਨੂੰ ਪੈਸੇ ਦੇਣਗੇ।
ਇਸ ਲਈ ਯਹੂਦਾ ਕਿਸੇ ਚੰਗੇ ਮੌਕੇ ਦੀ
ਤਾੜ ਵਿੱਚ ਸੀ ਕਿ ਕਦੋਂ ਯਿਸੂ ਨੂੰ ਫੜਵਾਵੇ।



ਚੇਲਿਆਂ ਨੇ ਉਸੇ ਤਰ੍ਹਾਂ ਕੀਤਾ ਜਿਸ ਤਰ੍ਹਾਂ ਯਿਸੂ ਨੇ ਹੁਕਮ ਦਿੱਤਾ ਸੀ ਅਤੇ ਪਸਾਹ ਦਾ ਭੋਜ ਤਿਆਰ ਕੀਤਾ ।ਜਦੋਂ ਉਹ ਭੋਜਨ ਕਰ ਰਹੇ ਸਨ, ਯਿਸੂ ਨੇ ਰੋਟੀ ਲਈ, ਅਸੀਸ ਮੰਗ ਕੇ ਤੋੜੀ ਅਤੇ ਆਪਣੇ ਚੇਲਿਆਂ ਨੂੰ ਦਿੱਤੀ ਅਤੇ ਕਿਹਾ, “ਇਹ ਲਓ ਅਤੇ ਖਾਓ, ਇਹ ਮੇਰਾ ਸਰੀਰ ਹੈ ।” ਫਿਰ ਯਿਸੂ ਨੇ ਪਿਆਲਾ ਲਿਆ, ਪਰਮੇਸ਼ਰ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਇਹ ਕਹਿੰਦੇ ਹੋਏ ਦਿੱਤਾ, “ਤੁਸੀਂ ਸਾਰੇ ਇਸ ਵਿੱਚੋਂ ਪੀਓ, ਕਿਉਂਕਿ ਇਹ ਮੇਰਾ ਪਰਮੇਸ਼ਰ ਦੇ ਨਵੇਂ ਨੇਮ ਦਾ ਖ਼ੂਨ ਹੈ ਜਿਹੜਾ ਬਹੁਤਿਆਂ ਦੇ ਲਈ, ਉਹਨਾਂ ਦੇ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ ।



“ਸ਼ਮਊਨ, ਸ਼ਮਊਨ ! ਦੇਖ, ਸ਼ੈਤਾਨ ਨੇ ਤੁਹਾਨੂੰ ਸਾਰਿਆਂ ਨੂੰ ਪਰਖਣ ਲਈ ਆਗਿਆ ਪ੍ਰਾਪਤ ਕੀਤੀ ਹੈ ਕਿ ਉਹ ਤੁਹਾਨੂੰ ਕਣਕ ਦੀ ਤਰ੍ਹਾਂ ਛੱਟੇ ਪਰ ਮੈਂ ਤੇਰੇ ਲਈ ਪ੍ਰਾਰਥਨਾ ਕੀਤੀ ਹੈ ਕਿ ਤੇਰਾ ਵਿਸ਼ਵਾਸ ਨਾ ਡਗਮਗਾਏ ਅਤੇ ਜਦੋਂ ਤੂੰ ਮੇਰੇ ਵੱਲ ਮੁੜੇਂ, ਆਪਣੇ ਭਰਾਵਾਂ ਨੂੰ ਸਹਾਰਾ ਦੇਵੀਂ ।” ਪਤਰਸ ਨੇ ਉੱਤਰ ਦਿੱਤਾ, “ਪ੍ਰਭੂ ਜੀ, ਮੈਂ ਤੁਹਾਡੇ ਨਾਲ ਕੈਦ ਵਿੱਚ ਜਾਣ ਅਤੇ ਮਰਨ ਲਈ ਵੀ ਤਿਆਰ ਹਾਂ ।” ਯਿਸੂ ਨੇ ਕਿਹਾ, “ਅੱਜ ਹੀ ਕੁੱਕੜ ਦੇ ਬਾਂਗ ਦੇਣ ਤੋਂ ਪਹਿਲਾਂ, ਤੂੰ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ ਕਿ ਤੂੰ ਮੈਨੂੰ ਨਹੀਂ ਜਾਣਦਾ ।”



ਇਸ ਦੇ ਬਾਅਦ ਯਿਸੂ ਆਪਣੇ ਚੇਲਿਆਂ ਦੇ ਨਾਲ ਗਥਸਮਨੀ ਨਾਂ ਦੀ ਥਾਂ ਉੱਤੇ ਆਏ । ਉਹਨਾਂ ਨੇ ਆਪਣੇ ਚੇਲਿਆਂ ਨੂੰ ਕਿਹਾ, “ਤੁਸੀਂ ਇੱਥੇ ਬੈਠੋ, ਜਦੋਂ ਤੱਕ ਮੈਂ ਉੱਥੇ ਅੱਗੇ ਜਾ ਕੇ ਪ੍ਰਾਰਥਨਾ ਕਰਾਂ ।” ਅਤੇ ਕਿਹਾ, “ਅੱਬਾ, ਪਿਤਾ ! ਤੁਸੀਂ ਸਭ ਕੁਝ ਕਰ ਸਕਦੇ ਹੋ । ਇਹ ਦੁੱਖਾਂ ਦਾ ਭਰਿਆ ਪਿਆਲਾ ਮੇਰੇ ਤੋਂ ਦੂਰ ਕਰੋ । ਪਰ ਫਿਰ ਵੀ ਮੇਰੀ ਇੱਛਾ ਨਹੀਂ, ਤੁਹਾਡੀ ਇੱਛਾ ਪੂਰੀ ਹੋਵੇ ।”




ਇਸ ਲਈ ਯਹੂਦਾ ਸਿਪਾਹੀਆਂ, ਮਹਾਂ-ਪੁਰੋਹਿਤਾਂ ਅਤੇ ਫ਼ਰੀਸੀਆਂ ਦੇ ਕੁਝ ਸੇਵਕਾਂ ਦੇ ਇੱਕ ਦਲ ਨੂੰ ਨਾਲ ਲੈ ਕੇ ਉੱਥੇ ਆਇਆ। ਉਹਨਾਂ ਦੇ ਕੋਲ ਲਾਲਟੈਨਾਂ, ਮਸ਼ਾਲਾਂ ਅਤੇ ਹਥਿਆਰ ਸਨ। ਉਹਨਾਂ ਵਿੱਚੋਂ ਇੱਕ ਨੇ ਮਹਾਂ-ਪੁਰੋਹਿਤ ਦੇ ਸੇਵਕ ਉੱਤੇ ਤਲਵਾਰ ਨਾਲ ਵਾਰ ਕੀਤਾ ਅਤੇ ਉਸ ਦਾ ਸੱਜਾ ਕੰਨ ਵੱਢ
ਦਿੱਤਾ ਪਰ ਯਿਸੂ ਨੇ ਕਿਹਾ, “ਰੁਕ ਜਾਓ !”
ਅਤੇ ਉਸ ਸੇਵਕ ਦਾ ਕੰਨ
ਛੂਹ ਕੇ ਠੀਕ ਕਰ ਦਿੱਤਾ।



ਉਹ ਯਿਸੂ ਨੂੰ ਫੜ ਕੇ ਮਹਾਂ-ਪੁਰੋਹਿਤ ਦੇ ਘਰ ਲੈ ਗਏ। ਪਤਰਸ ਕੁਝ ਦੂਰ ਰਹਿ ਕੇ ਉਹਨਾਂ ਦੇ ਪਿੱਛੇ ਪਿੱਛੇ ਗਿਆ। ਵਿਹੜੇ ਵਿੱਚ ਕੁਝ ਲੋਕ ਅੱਗ ਬਾਲ ਕੇ ਬੈਠੇ ਸਨ। ਪਤਰਸ ਵੀ ਉਹਨਾਂ ਦੇ
ਵਿੱਚ ਬੈਠ ਗਿਆ।



ਮਹਾਂ-ਪੁਰੋਹਿਤ ਦੇ ਸੇਵਕਾਂ ਵਿੱਚੋਂ ਇੱਕ
ਜਿਹੜਾ ਉਸ ਆਦਮੀ ਦਾ
ਰਿਸ਼ਤੇਦਾਰ ਸੀ ਜਿਸ ਦਾ ਕੰਨ
ਪਤਰਸ ਨੇ ਵੱਢਿਆ ਸੀ, ਉਸ ਨੇ
ਕਿਹਾ, “ਕੀ ਮੈਂ ਤੈਨੂੰ ਬਾਗ਼ ਵਿੱਚ
ਉਸ ਦੇ ਨਾਲ ਨਹੀਂ ਦੇਖਿਆ ਸੀ ?”
ਪਤਰਸ ਨੇ ਫਿਰ ਕਿਹਾ, “ਨਹੀਂ,”
ਅਤੇ ਇਕਦਮ ਕੁੱਕੜ ਨੇ ਬਾਂਗ
ਦਿੱਤੀ ।ਪਤਰਸ ਬਾਹਰ ਜਾ
ਕੇ ਫੁੱਟ-ਫੁੱਟ ਕੇ ਰੋਇਆ ।




ਇਸ ਦੇ ਬਾਅਦ ਸਾਰੀ ਸਭਾ ਉੱਠੀ ਅਤੇ ਯਿਸੂ ਨੂੰ ਰਾਜਪਾਲ ਪਿਲਾਤੁਸ ਦੇ ਕੋਲ ਲੈ ਗਈ। ਪਿਲਾਤੁਸ ਨੇ ਯਿਸੂ ਤੋਂ ਪੁੱਛਿਆ, “ਕੀ ਤੂੰ ਯਹੂਦੀਆਂ ਦਾ ਰਾਜਾ ਹੈਂ ?” ਯਿਸੂ ਨੇ ਉੱਤਰ ਦਿੱਤਾ, “ਤੁਸੀਂ ਆਪ ਕਹਿੰਦੇ ਹੋ।” ਪਿਲਾਤੁਸ ਨੇ ਯਿਸੂ ਨੂੰ ਛੱਡ ਦੇਣ ਦੀ ਨੀਅਤ ਨਾਲ ਇੱਕ ਵਾਰ ਫਿਰ ਲੋਕਾਂ ਨੂੰ ਸਮਝਾਇਆ ਪਰ ਉਹ ਫਿਰ ਜ਼ੋਰ ਜ਼ੋਰ ਦੀ ਕਹਿਣ ਲੱਗੇ, “ਉਸ ਨੂੰ ਸਲੀਬ ਉੱਤੇ ਚੜ੍ਹਾਓ, ਉਸ ਨੂੰ ਸਲੀਬ ਉੱਤੇ ਚੜ੍ਹਾਓ !”




ਫਿਰ ਪਿਲਾਤੁਸ ਨੇ ਯਿਸੂ ਨੂੰ ਸਲੀਬ ਉੱਤੇ ਚੜ੍ਹਾਉਣ ਲਈ ਉਹਨਾਂ ਦੇ ਹਵਾਲੇ ਕਰ ਦਿੱਤਾ । ਇਸ ਲਈ ਸਿਪਾਹੀ ਯਿਸੂ ਨੂੰ ਲੈ ਗਏ । ਯਿਸੂ ਆਪ ਆਪਣੀ ਸਲੀਬ ਚੁੱਕ ਕੇ ਬਾਹਰ ਗਏ ਅਤੇ ‘ਖੋਪੜੀ’ ਨਾਂ ਦੀ ਥਾਂ ਉੱਤੇ ਗਏ ਜਿਹੜੀ ਇਬਰਾਨੀ ਭਾਸ਼ਾ ਵਿੱਚ ‘ਗੋਲਗੋਥਾ’ ਅਖਵਾਉਂਦੀ ਹੈ ।



ਉੱਥੇ ਉਹਨਾਂ ਨੇ ਯਿਸੂ ਨੂੰ ਅਤੇ ਹੋਰ ਦੋ ਆਦਮੀਆਂ ਨੂੰ ਸਲੀਬ ਉੱਤੇ ਚੜ੍ਹਾਇਆ। ਇੱਕ ਨੂੰ ਸੱਜੇ, ਦੂਜੇ ਨੂੰ ਖੱਬੇ ਪਾਸੇ ਅਤੇ ਵਿਚਕਾਰ ਯਿਸੂ ਨੂੰ।



ਇਸ ਵੇਲੇ ਹੈਕਲ ਦਾ ਪਰਦਾ ਪਾਟ ਕੇ ਦੋ ਹਿੱਸੇ ਹੋ ਗਿਆ । ਯਿਸੂ ਨੇ ਉੱਚੀ ਆਵਾਜ਼ ਨਾਲ ਪੁਕਾਰ ਕੇ ਕਿਹਾ, “ਹੇ ਪਿਤਾ, ਮੈਂ ਆਪਣਾ ਆਤਮਾ ਤੁਹਾਡੇ ਹੱਥਾਂ ਵਿੱਚ ਸੌਂਪਦਾ ਹਾਂ !” ਇਹ ਕਹਿ ਕੇ ਉਹਨਾਂ ਨੇ ਆਪਣੇ ਪ੍ਰਾਣ ਤਿਆਗ ਦਿੱਤੇ ।





ਇਸ ਲਈ ਅਰਿਮਥੇਆ ਦਾ ਰਹਿਣ ਵਾਲਾ ਯੂਸਫ਼
ਜਿਹੜਾ ਸਭਾ ਦਾ ਆਦਰਯੋਗ ਮੈਂਬਰ ਸੀ ਅਤੇ
ਆਪ ਵੀ ਪਰਮੇਸ਼ਰ ਦੇ ਰਾਜ ਦੀ ਉਡੀਕ
ਵਿੱਚ ਸੀ, ਉਹ ਬੜੀ ਦਲੇਰੀ ਨਾਲ
ਪਿਲਾਤੁਸ ਕੋਲ ਗਿਆ ਅਤੇ ਯਿਸੂ
ਦੀ ਲਾਸ਼ ਉਸ ਤੋਂ ਮੰਗੀ ।

ਤਦ ਯੂਸਫ਼ ਨੇ ਇੱਕ ਚਾਦਰ
ਖ਼ਰੀਦੀ ਅਤੇ ਯਿਸੂ ਨੂੰ ਸਲੀਬ
ਦੇ ਉੱਤੋਂ ਉਤਾਰ ਕੇ ਉਸ ਵਿੱਚ
ਲਪੇਟਿਆ ਅਤੇ ਕਬਰ ਵਿੱਚ ਰੱਖ
ਦਿੱਤਾ ਜਿਹੜੀ ਇੱਕ ਚਟਾਨ ਨੂੰ
ਕੱਟ ਕੇ ਬਣਾਈ ਗਈ ਸੀ । ਕਬਰ
ਦੇ ਮੂੰਹ ਉੱਤੇ ਉਸ ਨੇ ਇੱਕ ਵੱਡਾ
ਸਾਰਾ ਪੱਥਰ ਰੇੜ੍ਹ ਦਿੱਤਾ ।

ਅਗਲੇ ਦਿਨ ਤਿਆਰੀ ਦੇ ਦਿਨ ਦੇ ਬਾਅਦ, ਮਹਾਂ-ਪੁਰੋਹਿਤ ਅਤੇ ਫ਼ਰੀਸੀ ਇਕੱਠੇ ਹੋ ਕੇ ਪਿਲਾਤੁਸ ਕੋਲ ਆਏ । ਉਹਨਾਂ ਨੇ ਕਿਹਾ, “ਸ੍ਰੀਮਾਨ ਜੀ, ਸਾਨੂੰ ਯਾਦ ਹੈ ਕਿ ਉਹ ਧੋਖੇਬਾਜ਼ ਜਦੋਂ ਜਿਊਂਦਾ ਸੀ ਤਾਂ ਉਸ ਨੇ ਕਿਹਾ ਸੀ ਕਿ ਮੈਂ ਤਿੰਨ ਦਿਨਾਂ ਬਾਅਦ ਜੀਅ ਉੱਠਾਂਗਾ ।” ਇਸ ਲਈ ਉਹ ਗਏ ਅਤੇ ਕਬਰ ਦੇ ਪੱਥਰ ਨੂੰ ਮੋਹਰ ਲਾ ਕੇ ਸੁਰੱਖਿਅਤ ਕਰ ਦਿੱਤਾ । ਫਿਰ ਉਹਨਾਂ ਨੇ ਉੱਥੇ ਪਹਿਰੇਦਾਰ ਬਿਠਾ ਦਿੱਤੇ ।





ਸਬਤ ਤੋਂ ਬਾਅਦ ਐਤਵਾਰ ਦੇ ਦਿਨ ਤੜਕੇ ਸੂਰਜ
ਨਿਕਲਣ ਤੋਂ ਪਹਿਲਾਂ ਮਰਿਯਮ ਮਗਦਲੀਨੀ ਅਤੇ
ਦੂਜੀ ਮਰਿਯਮ ਕਬਰ ਦੇਖਣ ਦੇ ਲਈ
ਗਈਆਂ । ਅਤੇ ਦੇਖੋ, ਅਚਾਨਕ ਇੱਕ
ਵੱਡਾ ਭੁਚਾਲ ਆਇਆ ਜਿਸ ਦੇ ਨਾਲ
ਹੀ ਪ੍ਰਭੂ ਦਾ ਇੱਕ ਸਵਰਗਦੂਤ
ਸਵਰਗ ਤੋਂ ਉਤਰ ਆਇਆ
ਅਤੇ ਕਬਰ ਤੋਂ ਪੱਥਰ ਨੂੰ ਇੱਕ
ਪਾਸੇ ਰੇੜ੍ਹ ਕੇ ਉਸ ਉੱਤੇ ਬੈਠ
ਗਿਆ ।
ਪਹਿਰੇਦਾਰ ਇੰਨੇ
ਡਰ ਗਏ ਕਿ ਉਹ ਕੰਬਣ
ਲੱਗ ਗਏ ਅਤੇ ਮੁਰਦਿਆਂ
ਦੇ ਵਾਂਗ ਹੋ ਗਏ ।

ਸਵਰਗਦੂਤ ਨੇ ਔਰਤਾਂ ਨੂੰ ਕਿਹਾ, “ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ। ਮੈਂ ਜਾਣਦਾ ਹਾਂ ਕਿ ਤੁਸੀਂ ਯਿਸੂ ਨੂੰ ਲੱਭ ਰਹੀਆਂ ਹੋ ਜਿਹੜੇ ਸਲੀਬ ਉੱਤੇ ਚੜ੍ਹਾਏ ਗਏ ਸਨ। ਉਹ ਇੱਥੇ ਨਹੀਂ ਹਨ। ਉਹ ਆਪਣੇ ਵਚਨ ਦੇ ਅਨੁਸਾਰ ਜੀਅ ਉੱਠੇ ਹਨ। ਆਓ, ਉਹ ਥਾਂ ਦੇਖੋ ਜਿੱਥੇ ਉਹ ਰੱਖੇ ਗਏ ਸਨ।”



ਇਸ ਲਈ ਉਹ ਇਕਦਮ ਡਰਦੀਆਂ ਅਤੇ ਅਨੰਦ ਨਾਲ ਭਰੀਆਂ ਹੋਈਆਂ ਕਬਰ ਤੋਂ ਚਲੀਆਂ ਗਈਆਂ। ਉਹ ਦੌੜੀਆਂ ਕਿ ਜਾ ਕੇ ਯਿਸੂ ਦੇ ਚੇਲਿਆਂ ਨੂੰ ਖ਼ਬਰ ਦੇਣ।ਅਚਾਨਕ ਯਿਸੂ ਨੇ ਉਹਨਾਂ ਨੂੰ ਦਰਸ਼ਨ ਦੇ ਕੇ ਕਿਹਾ, “ਤੁਹਾਨੂੰ ਸ਼ਾਂਤੀ ਮਿਲੇ !” ਉਹ ਯਿਸੂ ਕੋਲ ਆਈਆਂ ਅਤੇ ਉਹਨਾਂ ਦੇ ਚਰਨ ਛੂਹ ਕੇ ਉਹਨਾਂ ਨੂੰ ਮੱਥਾ ਟੇਕਿਆ।





ਇਸ ਦੇ ਬਾਅਦ ਯਿਸੂ ਨੇ ਗਿਆਰਾਂ ਚੇਲਿਆਂ ਨੂੰ ਜਦੋਂ ਉਹ ਭੋਜਨ ਕਰ ਰਹੇ ਸਨ, ਦਰਸ਼ਨ ਦਿੱਤੇ ਅਤੇ ਉਹਨਾਂ ਦੇ ਅਵਿਸ਼ਵਾਸ ਅਤੇ ਦਿਲਾਂ ਦੀ ਕਠੋਰਤਾ ਦੇ ਲਈ ਉਹਨਾਂ ਨੂੰ ਝਿੜਕਿਆ ਕਿਉਂਕਿ ਚੇਲਿਆਂ ਨੇ ਉਹਨਾਂ ਦਾ ਵਿਸ਼ਵਾਸ ਨਹੀਂ ਕੀਤਾ ਸੀ ਜਿਹਨਾਂ ਨੇ ਯਿਸੂ ਨੂੰ ਜੀਅ ਉੱਠਣ ਦੇ ਬਾਅਦ ਦੇਖਿਆ ਸੀ। ਫਿਰ ਪ੍ਰਭੂ ਯਿਸੂ ਉਹਨਾਂ ਨਾਲ ਗੱਲਾਂ ਕਰਨ ਦੇ ਬਾਅਦ ਸਵਰਗ ਵਿੱਚ ਉਠਾ ਲਏ ਗਏ ਅਤੇ ਉਹ ਪਰਮੇਸ਼ਰ ਦੇ ਸੱਜੇ ਹੱਥ ਵਿਰਾਜਮਾਨ ਹੋ ਗਏ।

ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ
ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ
ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ
ਕਰਨ, ਨਾਸ਼ ਨਾ ਹੋਣ ਸਗੋਂ ਅਨੰਤ
ਜੀਵਨ ਪ੍ਰਾਪਤ ਕਰਨ ।

ਰੋਮ 3:23 ਕਿਉਂਕਿ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਪਰਮੇਸ਼ਰ ਦੀ ਮਹਿਮਾ ਤੋਂ ਵਾਂਝੇ ਹਨ ।

ਰੋਮ 6:23 ਕਿਉਂਕਿ ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ਰ ਦਾ ਮੁਫ਼ਤ ਵਰਦਾਨ ਸਾਡੇ ਪ੍ਰਭੂ ਮਸੀਹ ਯਿਸੂ ਵਿੱਚ ਅਨੰਤ ਜੀਵਨ ਹੈ ।

ਇਬਰਾਨੀਆਂ 9:27 ਜਿਵੇਂ ਮਨੁੱਖ ਦੇ ਲਈ ਇੱਕ ਵਾਰ ਮਰਨਾ ਅਤੇ ਉਸ ਦੇ ਬਾਅਦ ਨਿਆਂ ਹੋਣਾ ਨਿਯੁਕਤ ਕੀਤਾ ਗਿਆ ਹੈ,

ਅਫ਼ਸੁਸ 2:8,9 ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ ਮੁਕਤੀ ਪ੍ਰਾਪਤ ਕੀਤੀ ਹੈ । ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ ਦਾ ਵਰਦਾਨ ਹੈ ।

ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ ਜਾ ਸਕਦਾ ।

ਰੋਮ 10:9,10 ਜੇਕਰ ਤੁਸੀਂ ਆਪਣੇ ਮੂੰਹ ਨਾਲ ਕਹਿ ਕੇ ਮੰਨੋ ਕਿ “ਯਿਸੂ ਪ੍ਰਭੂ ਹਨ,” ਅਤੇ ਆਪਣੇ ਦਿਲ ਦੇ ਨਾਲ ਵਿਸ਼ਵਾਸ ਕਰੋ ਕਿ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਹੈ ਤਾਂ ਤੁਸੀਂ ਮੁਕਤੀ ਪਾਓਗੇ ।

ਕਿਉਂਕਿ ਦਿਲ ਦੇ ਨਾਲ ਵਿਸ਼ਵਾਸ ਕਰਨ ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਦੇ ਹਾਂ ਅਤੇ ਮੂੰਹ ਨਾਲ ਇਕਰਾਰ ਕਰ ਕੇ ਮੁਕਤੀ ਪ੍ਰਾਪਤ ਕਰਦੇ ਹਾਂ ।

ਯੂਹੰਨਾ 3:16,17 ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ, ਨਾਸ਼ ਨਾ ਹੋਣ ਸਗੋਂ ਅਨੰਤ ਜੀਵਨ ਪ੍ਰਾਪਤ ਕਰਨ ।

ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਸੰਸਾਰ ਵਿੱਚ ਇਸ ਲਈ ਨਹੀਂ ਭੇਜਿਆ ਕਿ ਉਹ ਸੰਸਾਰ ਨੂੰ ਦੋਸ਼ੀ ਠਹਿਰਾਉਣ ਸਗੋਂ ਇਸ ਲਈ ਕਿ ਸੰਸਾਰ ਨੂੰ ਮੁਕਤੀ ਦੇਣ ।

1 ਯੂਹੰਨਾ 5:11-13 ਉਹ ਗਵਾਹੀ ਇਹ ਹੈ ਕਿ ਪਰਮੇਸ਼ਰ ਨੇ ਸਾਨੂੰ ਅਨੰਤ ਜੀਵਨ ਦਿੱਤਾ ਹੈ ਅਤੇ ਇਹ ਜੀਵਨ ਉਹਨਾਂ ਦੇ ਪੁੱਤਰ ਦੇ ਵਿੱਚ ਹੈ ।

ਜਿਸ ਦੇ ਕੋਲ ਪੁੱਤਰ ਹੈ, ਉਸ ਦੇ ਕੋਲ ਇਹ ਜੀਵਨ ਹੈ ਪਰ ਜਿਸ ਦੇ ਕੋਲ ਪਰਮੇਸ਼ਰ ਦਾ ਪੁੱਤਰ ਨਹੀਂ, ਉਸ ਦੇ ਕੋਲ ਜੀਵਨ ਵੀ ਨਹੀਂ ।

ਮੈਂ ਤੁਹਾਨੂੰ ਜਿਹੜੇ ਪਰਮੇਸ਼ਰ ਦੇ ਪੁੱਤਰ ਦੇ ਨਾਮ ਵਿੱਚ ਵਿਸ਼ਵਾਸ ਕਰਦੇ ਹੋ, ਇਹ ਇਸ ਲਈ ਲਿਖ ਰਿਹਾ ਹਾਂ ਕਿ ਤੁਸੀਂ ਜਾਣ ਲਵੋ ਕਿ ਤੁਹਾਡੇ ਕੋਲ ਅਨੰਤ ਜੀਵਨ ਹੈ ।

ਮੱਤੀ 26-28; ਲੂਕਾ 22-24; ਯੂਹੰਨਾ 13-21

Storyline by: Edward D. Hughes

Illustrated by: Janie Forest
and Alastair Paterson

Adapted by: Lyn Doerksen

Punjabi Common Language (North American Version):
Text (pan) © 2021 Canadian Bible Society and Bible
Society of India

https://live.bible.is/bible/PANDPI/GEN/1

©2026 Bible for Children, Inc.

www.M1914.org www.bibleforchildren.org